Australian Government

COVID-19 VACCINATION

# ਤੁਹਾਡੇ ਫਾਈਜ਼ਰ ਕੋਮੀਰਨਾਟੀ (ਫਾਈਜ਼ਰ) COVID-19 ਦੇ ਟੀਕਾਕਰਨ ਦੇ ਬਾਅਦ

ਆਖਰੀ ਵਾਰ ਅੱਪਡੇਟ ਕੀਤਾ ਗਿਆ: 18 ਅਗਸਤ 2021

## ਵੈਕਸੀਨ ਬਾਰੇ

ਅੱਜ ਤੁਹਾਨੂੰ ਕੋਮੀਰਨਾਟੀ (Comirnaty) (Pfizer Australia Pty Ltd) **ਵੈਕਸੀਨ** ਮਿਲਿਆ ਹੈ।

ਇਹ ਵੈਕਸੀਨ ਲੋਕਾਂ ਨੂੰ COVID-19 ਤੋਂ ਬਿਮਾਰ ਹੋਣ ਤੋਂ ਰੋਕ ਸਕਦਾ ਹੈ। ਫਾਈਜ਼ਰ COVID-19 ਵੈਕਸੀਨ ਵਿੱਚ ਕੋਈ ਜਿਊਂਦਾ ਵਾਇਰਸ ਨਹੀਂ ਹੁੰਦਾ, ਅਤੇ ਇਹ ਤੁਹਾਨੂੰ COVID-19 ਨਾਲ ਬਿਮਾਰ ਨਹੀਂ ਕਰ ਸਕਦਾ। ਇਸ ਵਿੱਚ SARS-COV-2 ਵਾਇਰਸ ਦੇ ਇਕ ਮਹੱਤਵਪੂਰਣ ਹਿੱਸੇ ਵਾਸਤੇ ਅਣੂਵੰਸ਼ਿਕ ਕੋਡ ਸ਼ਾਮਲ ਹੁੰਦਾ ਹੈ, ਜਿਸ ਨੂੰ ਸਪਾਈਕ ਪ੍ਰੋਟੀਨ ਕਹਿੰਦੇ ਹਨ। ਵੈਕਸੀਨ ਲੈਣ ਦੇ ਬਾਅਦ, ਤੁਹਾਡਾ ਸਰੀਰ ਸਪਾਈਕ ਪ੍ਰੋਟੀਨ ਦੀਆਂ ਹੋਰ ਨਕਲਾਂ ਬਣਾਉਂਦਾ ਹੈ। ਫਿਰ ਤੁਹਾਡੀ ਪ੍ਰਤੀਰੋਧਤਾ ਪ੍ਰਣਾਲੀ SARS-COV-2 ਵਾਇਰਸ ਦੀ ਪਛਾਣ ਕਰਨਾ ਅਤੇ ਲੜਨਾ ਸਿੱਖੇਗੀ। ਸਰੀਰ ਅਣੂਵੰਸ਼ਿਕ ਕੋਡ ਨੂੰ ਤੇਜ਼ੀ ਨਾਲ ਤੋੜਦਾ ਹੈ।

## ਟੀਕਾਕਰਨ ਤੋਂ ਬਾਅਦ ਕੀ ਉਮੀਦ ਕੀਤੀ ਜਾਵੇ

ਜਿਵੇਂ ਕਿ ਕਿਸੇ ਵੀ ਵੈਕਸੀਨ ਦੀ ਤਰ੍ਹਾਂ, COVID-19 ਵੈਕਸੀਨ ਲੈਣ ਦੇ ਬਾਅਦ ਤੁਹਾਨੂੰ ਕੁਝ ਮਾੜੇ ਅਸਰ ਹੋ ਸਕਦੇ ਹਨ।

**ਫਾਈਜ਼ਰ** ਦੇ ਬਾਅਦ, **ਆਮ** ਮਾੜੇ ਅਸਰਾਂ ਵਿੱਚ ਸ਼ਾਮਲ ਹਨ:

- ਟੀਕੇ ਵਾਲੇ ਸਥਾਨ ਉੱਤੇ ਦਰਦ ਜਾਂ ਸੋਜਸ਼
- ਥਕਾਵਟ
- ਸਿਰ ਦਰਦ
- ਮਾਸਪੇਸ਼ੀਆਂ ਵਿੱਚ ਦਰਦ
- ਬੁਖ਼ਾਰ ਅਤੇ ਠੰਡ
- ਜੋੜਾਂ ਦਾ ਦਰਦ।

**ਫਾਈਜ਼ਰ** ਦੇ ਬਾਅਦ, ਘੱਟ **ਆਮ** ਮਾੜੇ ਅਸਰਾਂ ਵਿੱਚ ਸ਼ਾਮਲ ਹਨ:

- ਟੀਕੇ ਵਾਲੀ ਥਾਂ ਉੱਤੇ ਲਾਲੀ

- ਜੀਅ ਮਤਲਾਉਣਾ
- ਲਹੂ ਦੇ ਚਿੱਟੇ ਅਣੂਆਂ ਵਾਲੀਆਂ ਗੰਢਾਂ ਦਾ ਵਧਣਾ
- ਬਿਮਾਰ ਮਹਿਸੂਸ ਕਰਨਾ
- ਲੱਤਾਂ-ਬਾਹਾਂ ਵਿੱਚ ਦਰਦ
- ਉਨੀਂਦਰਾ
- ਟੀਕੇ ਵਾਲੀ ਥਾਂ ਉੱਤੇ ਖੁਰਕ।

ਇਹ ਮਾੜੇ ਅਸਰ ਆਮ ਤੌਰ ਤੇ ਹਲਕੇ ਹੁੰਦੇ ਹਨ, ਅਤੇ ਆਮ ਤੌਰ ਤੇ ਇਕ ਜਾਂ ਦੋ ਦਿਨਾਂ ਦੇ ਅੰਦਰ ਹੱਟ ਜਾਂਦੇ ਹਨ। ਕੁਝ ਟੀਕਾ ਲਗਵਾਉਣ ਵਾਲਿਆਂ ਨੂੰ ਹੋਰ ਆਮ ਟੀਕਿਆਂ ਦੀ ਤੁਲਨਾ ਵਿੱਚ ਇਸ ਵੈਕਸੀਨ ਤੋਂ ਵਧੇਰੇ ਅਹਿਮ ਫਲੂਅ ਵਰਗੇ ਲੱਛਣ ਮਹਿਸੂਸ ਹੋਣਗੇ ਅਤੇ ਹੋ ਸਕਦਾ ਹੈ ਉਹਨਾਂ ਨੂੰ ਆਮ ਸਰਗਰਮੀਆਂ ਤੋਂ ਦੂਰ ਰਹਿਣ ਲਈ ਸਮੇਂ ਦੀ ਲੋੜ ਪੈ ਸਕਦੀ ਹੈ। ਇਹ ਲੱਛਣ ਜਾਂ ਤਾਂ ਪਹਿਲੀ ਜਾਂ ਦੂਜੀ ਖੁਰਾਕ ਦੇ ਬਾਅਦ ਵਾਪਰ ਸਕਦੇ ਹਨ, ਪਰ ਇਹ ਪਹਿਲੀ ਖੁਰਾਕ ਦੇ ਬਾਅਦ ਵਧੇਰੇ ਆਮ ਹਨ।

ਜੇ ਟੀਕਾ ਲਗਾਉਣ ਦੇ ਬਾਅਦ ਤੁਹਾਨੂੰ ਦਰਦ ਜਾਂ ਬੁਖਾਰ, ਸਿਰ ਦਰਦ ਜਾਂ ਸਰੀਰ ਵਿੱਚ ਦਰਦ ਮਹਿਸੂਸ ਹੁੰਦੀ ਹੈ, ਤਾਂ ਤੁਸੀਂ ਪੈਰਾਸੀਟਾਮੋਲ ਜਾਂ ਆਈਬੂਪਰੋਫੇਨ ਦਵਾਈ ਲੈ ਸਕਦੇ ਹੋ। ਇਹ ਉਪਰੋਕਤ ਲੱਛਣਾਂ ਵਿੱਚੋਂ ਕੁਝ ਨੂੰ ਘੱਟ ਕਰਨ ਵਿੱਚ ਮਦਦ ਕਰਦੀਆਂ ਹਨ (ਤੁਹਾਨੂੰ ਟੀਕਾਕਰਨ ਤੋਂ ਪਹਿਲਾਂ ਪੈਰਾਸੀਟਾਮੋਲ ਜਾਂ ਆਈਬੂਪਰੋਫੇਨ ਲੈਣ ਦੀ ਲੋੜ ਨਹੀਂ ਹੈ)। ਜੇ ਟੀਕੇ ਵਾਲੇ ਸਥਾਨ ਉੱਤੇ ਸੋਜਸ਼ ਹੁੰਦੀ ਹੈ, ਤਾਂ ਤੁਸੀਂ ਠੰਢੀ ਪੱਟੀ ਦੀ ਵਰਤੋਂ ਕਰ ਸਕਦੇ ਹੋ।

**ਦੁਰਲੱਭ** ਮਾੜੇ ਅਸਰ ਜਿੰਨ੍ਹਾਂ ਦੀ ਰਿਪੋਰਟ **ਫਾਈਜ਼ਰ** ਦੇ ਬਾਅਦ ਕੀਤੀ ਗਈ ਹੈ:

- ਤੀਬਰ ਐਲਰਜੀ ਵਾਲੀ ਪ੍ਰਤੀਕਿਰਿਆ (ਐਨਾਫਾਈਲੈਕਸਿਸ)
- ਮਾਇਓਕਾਰਡੀਟਿਸ (ਦਿਲ ਦੀ ਮਾਸਪੇਸ਼ੀ ਦੀ ਸੋਜਸ਼) ਅਤੇ ਪੈਰੀਕਾਰਡੀਟਿਸ (ਦਿਲ ਦੀ ਬਾਹਰੀ ਪਰਤ ਦੀ ਸੋਜਸ਼)। ਜ਼ਿਆਦਾਤਰ ਰਿਪੋਰਟ ਕੀਤੇ ਗਏ ਮਾਮਲੇ ਹਲਕੇ ਹਨ, ਅਤੇ ਤੇਜ਼ੀ ਨਾਲ ਠੀਕ ਹੋ ਗਏ ਹਨ, ਹਾਲਾਂਕਿ ਇਨ੍ਹਾਂ ਮਾਮਲਿਆਂ ਦੀ ਲੰਮੇ ਸਮੇਂ ਦੀ ਅਗਲੇਰੀ ਜਾਂਚ ਕਿਰਿਆ ਜਾਰੀ ਹੈ। ਕੇਸਾਂ ਦੀ ਰਿਪੋਰਟ ਮੁੱਖ ਤੌਰ 'ਤੇ ਦੂਜੀ ਖੁਰਾਕ ਲੈਣ ਤੋਂ ਬਾਅਦ ਅਤੇ ਮੁੱਖ ਤੌਰ 'ਤੇ ਘੱਟ ਉਮਰ ਦੇ ਪੁਰਸ਼ਾਂ (ਉਮਰ <30 ਸਾਲ) ਵਿੱਚ ਕੀਤੀ ਗਈ ਹੈ।

ਤੁਹਾਨੂੰ ਟੀਕਾਕਰਨ ਦੇ ਬਾਅਦ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ ਜੇ ਤੁਸੀਂ:

- ਸੋਚਦੇ ਹੋ ਕਿ ਤੁਹਾਨੂੰ ਐਲਰਜੀ ਵਾਲੀ ਪ੍ਰਤੀਕਿਰਿਆ ਹੋ ਰਹੀ ਹੈ। ਜੇ ਤੁਹਾਨੂੰ ਤੀਬਰ ਲੱਛਣ ਮਹਿਸੂਸ ਹੁੰਦੇ ਹਨ, ਜਿਵੇਂ ਕਿ ਸਾਹ ਲੈਣ ਵਿੱਚ ਮੁਸ਼ਕਿਲ, ਛਾਤੀ ਵਿੱਚੋਂ ਸਾਹ ਦੀ ਅਵਾਜ਼ ਆਉਣਾ, ਦਿਲ ਦੀ ਤੇਜ਼ ਧੜਕਣ ਜਾਂ ਢਹਿ-ਢੇਰੀ ਹੋਣ ਦਾ ਤਜ਼ਰਬਾ ਹੁੰਦਾ ਹੈ, ਤਾਂ 000 ਨੂੰ ਫੋਨ ਕਰੋ
- ਛਾਤੀ ਵਿੱਚ ਦਰਦ, ਦਬਾਅ ਜਾਂ ਬੇਅਰਾਮੀ, ਦਿਲ ਦੀ ਅਨਿਯਮਤ ਧੜਕਣ, ਧੜਕਣ ਦਾ ਵਿੱਚ-ਵਿੱਚ ਰੁਕਣਾ ਜਾਂ 'ਤੇਜ਼ ਹੋਣਾ', ਬੇਹੋਸ਼ੀ, ਸਾਹ ਫੁੱਲਣਾ ਜਾਂ ਸਾਹ ਲੈਣ ਨਾਲ ਦਰਦ ਹੁੰਦਾ ਹੈ
- ਕਿਸੇ ਸੰਭਾਵਿਤ ਅਣਚਾਹੇ ਅਸਰ ਬਾਰੇ ਚਿੰਤਤ ਹੋ, ਜਾਂ ਤੁਹਾਡੇ ਵਿੱਚ ਨਵੇਂ ਜਾਂ ਅਣਕਿਆਸੇ ਲੱਛਣ ਹਨ
- ਵੈਕਸੀਨ ਦਾ ਉਮੀਦ ਕੀਤਾ ਜਾਂਦਾ ਮਾੜਾ ਅਸਰ ਹੋਇਆ ਹੈ ਜੋ ਕੁਝ ਦਿਨਾਂ ਬਾਅਦ ਨਹੀਂ ਹਟਿਆ ਹੈ।

ਗੈਰ-ਜ਼ਰੂਰੀ ਲੱਛਣਾਂ ਵਾਸਤੇ, ਤੁਸੀਂ ਆਪਣੇ ਬਕਾਇਦਾ ਸਿਹਤ-ਸੰਭਾਲ ਪ੍ਰਦਾਤਾ (ਜਿਵੇਂ ਕਿ ਆਪਣੇ ਡਾਕਟਰ) ਨੂੰ ਮਿਲ ਸਕਦੇ ਹੋ।

## ਵੈਕਸੀਨ ਦੀ ਸੁਰੱਖਿਆ ਦੀ ਨਿਗਰਾਨੀ ਕਰਨਾ ਅਤੇ ਅਣਚਾਹੇ ਅਸਰਾਂ ਦੀ ਰਿਪੋਰਟ ਕਰਨਾ

ਤੁਸੀਂ ਆਪਣੇ ਟੀਕਾਕਰਨ ਪ੍ਰਦਾਤਾ ਜਾਂ ਹੋਰ ਸਿਹਤ-ਸੰਭਾਲ ਪੇਸ਼ੇਵਰ ਨੂੰ ਸ਼ੱਕੀ ਮਾੜੇ ਅਸਰਾਂ ਦੀ ਰਿਪੋਰਟ ਕਰ ਸਕਦੇ ਹੋ। ਫਿਰ ਉਹ ਤੁਹਾਡੇ ਵੱਲੋਂ ਤੁਹਾਡੇ ਰਾਜ ਜਾਂ ਕੇਂਦਰੀ ਪ੍ਰਦੇਸ਼ ਦੇ ਸਿਹਤ ਵਿਭਾਗ ਨੂੰ ਜਾਂ ਸਿੱਧੇ ਥਰੈਪਿਊਟਿਕ ਗੁਡਜ਼ ਐਡਮਿਨਿਸਟ੍ਰੇਸ਼ਨ (TGA) ਨੂੰ ਰਸਮੀ ਰਿਪੋਰਟ ਕਰਨਗੇ।

ਜੇ ਤੁਸੀਂ ਖੁਦ ਇਸ ਦੀ ਰਿਪੋਰਟ ਕਰਨ ਨੂੰ ਤਰਜੀਹ ਦਿੰਦੇ ਹੋ, ਤਾਂ ਕਿਰਪਾ ਕਰਕੇ TGA ਦੀ ਵੈੱਬਸਾਈਟ COVID-19 ਵੈਕਸੀਨ ਨਾਲ ਜੁੜੇ ਸ਼ੱਕੀ ਅਣਚਾਹੇ ਅਸਰਾਂ ਨੂੰ ਰਿਪੋਰਟ ਕਰਨ ਵਾਲੇ ਵੈੱਬਪੇਜ ਉੱਤੇ ਜਾਓ ਅਤੇ ਸਫੇ ਉੱਤੇ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰੋ।

## ਟੀਕਾਕਰਨ ਦੇ ਬਾਅਦ COVID-19 ਟੈਸਟ

COVID-19 ਟੀਕਾਕਰਨ ਦੇ ਕੁਝ ਮਾੜੇ ਅਸਰ COVID-19(ਜਿਵੇਂ ਕਿ ਬੁਖਾਰ) ਦੇ ਲੱਛਣਾਂ ਵਰਗੇ ਹੋ ਸਕਦੇ ਹਨ। ਹਾਲਾਂਕਿ, ਫਾਈਜ਼ਰ ਵਿੱਚ ਕੋਈ ਜਿਊਂਦਾ ਵਾਇਰਸ ਨਹੀਂ ਹੈ, ਅਤੇ ਇਹ COVID-19 ਦਾ ਕਾਰਨ ਨਹੀਂ ਬਣ ਸਕਦਾ। ਹੋ ਸਕਦਾ ਹੈ, ਤੁਹਾਨੂੰ COVID-19 ਦਾ ਟੈਸਟ ਕਰਵਾਉਣ ਜਾਂ ਵੱਖਰੇ ਰਹਿਣ ਦੀ ਲੋੜ ਨਾ ਪਵੇ:

- ਜੇ ਤੁਹਾਨੂੰ ਟੀਕਾਕਰਨ ਦੇ ਬਾਅਦ ਪਹਿਲੇ ਦੋ ਦਿਨਾਂ ਵਿੱਚ ਬੁਖਾਰ, ਸਿਰ ਦਰਦ ਜਾਂ ਥਕਾਵਟ ਵਰਗੇ ਆਮ ਲੱਛਣ ਵਿਕਸਤ ਹੋ ਜਾਂਦੇ ਹਨ, ਅਤੇ
- ਜੇ ਤੁਹਾਨੂੰ ਯਕੀਨ ਹੈ ਕਿ ਤੁਹਾਨੂੰ ਕੋਈ ਸਾਹ ਸਬੰਧੀ ਲੱਛਣ ਨਹੀਂ ਹਨ (ਜਿਵੇਂ ਕਿ ਨੱਕ ਵਗਣਾ, ਖੰਘ, ਗਲਾ ਖਰਾਬ ਹੋਣਾ, ਸੁੰਘਣ ਵਿੱਚ ਕਮੀ ਜਾਂ ਸਵਾਦ ਦੀ ਕਮੀ)।

ਹਾਲਾਂਕਿ, ਤੁਹਾਨੂੰ ਸਭ ਤੋਂ ਨਵੀਨਤਮ ਜਾਣਕਾਰੀ ਵਾਸਤੇ ਆਪਣੇ ਰਾਜ/ਕੇਂਦਰੀ ਪ੍ਰਦੇਸ਼ ਵਿੱਚ ਵਰਤਮਾਨ ਨਿਰਦੇਸ਼ਾਂ ਦੀ ਜਾਂਚ ਕਰਨੀ ਚਾਹੀਦੀ ਹੈ। ਤੁਹਾਡੇ ਸਥਾਨਕ ਖੇਤਰ ਵਿੱਚ COVID-19 ਦੇ ਫੈਲਣ ਦੀ ਸੂਰਤ ਵਿੱਚ ਇਹ ਸਲਾਹ ਬਦਲ ਸਕਦੀ ਹੈ। ਜੇ ਤੁਸੀਂ ਹੋਰ ਕਸੌਟੀਆਂ ਨੂੰ ਪੂਰਾ ਕਰਦੇ ਹੋ, ਤਾਂ ਤੁਹਾਨੂੰ ਅਜੇ ਵੀ COVID-19 ਦਾ ਟੈਸਟ ਕਰਵਾਉਣ ਦੀ ਲੋੜ ਪੈ ਸਕਦੀ ਹੈ, ਉਦਾਹਰਣ ਲਈ ਜੇ ਤੁਸੀਂ ਕਿਸੇ ਜਾਣੇ-ਪਛਾਣੇ COVID-19 ਵਾਲੇ ਮਾਮਲੇ ਦੇ ਨਜ਼ਦੀਕੀ ਸੰਪਰਕ ਹੋ। ਜੇ ਸ਼ੱਕ ਹੋਵੇ, ਤਾਂ ਡਾਕਟਰੀ ਮੁਲਾਂਕਣ ਕਰਵਾਓ।

## ਆਪਣੀ ਦੂਜੀ ਮੁਲਾਕਾਤ ਨੂੰ ਯਾਦ ਰੱਖੋ

ਇਹ ਮਹੱਤਵਪੂਰਣ ਹੈ ਕਿ ਤੁਹਾਨੂੰ ਫਾਈਜ਼ਰ COVID-19 ਵੈਕਸੀਨ ਦੀਆਂ ਦੋ ਖੁਰਾਕਾਂ ਮਿਲਣ। ਇਹਨਾਂ ਖੁਰਾਕਾਂ ਨੂੰ ਆਮ ਤੌਰ 'ਤੇ 3-6 ਹਫਤਿਆਂ ਦੇ ਫਰਕ ਨਾਲ ਦਿੱਤਾ ਜਾਂਦਾ ਹੈ, ਪਰ ਵਿਸ਼ੇਸ਼ ਹਾਲਾਤਾਂ ਵਿੱਚ ਲੰਬੇ ਅੰਤਰਾਲਾਂ ਦੀ ਸਿਫਾਰਸ਼ ਕੀਤੀ ਜਾ ਸਕਦੀ ਹੈ। ਦੂਜੀ ਖੁਰਾਕ COVID-19 ਦੇ ਖਿਲਾਫ ਸੁਰੱਖਿਆ ਦੀ ਸੰਭਾਵਤ ਮਿਆਦ ਨੂੰ ਵਧਾਉਣ ਲਈ ਹੈ।

## ਤੁਹਾਡੀ ਮੁਲਾਕਾਤ ਮੌਕੇ ਤੁਹਾਡੇ ਵੱਲੋਂ ਪ੍ਰਦਾਨ ਕੀਤੀ ਜਾਣਕਾਰੀ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ

ਤੁਹਾਡੇ ਨਿੱਜੀ ਵੇਰਵਿਆਂ ਨੂੰ ਕਿਵੇਂ ਇਕੱਠਾ ਕੀਤਾ ਜਾਂਦਾ ਹੈ, ਸੰਭਾਲਿਆ ਜਾਂਦਾ ਹੈ ਅਤੇ ਵਰਤਿਆ ਜਾਂਦਾ ਹੈ, ਇਸ ਬਾਰੇ ਜਾਣਕਾਰੀ ਵਾਸਤੇ https://www.health.gov.au/using-our-websites/privacy/privacy-notice-for-covid-19-vaccinations ਉੱਤੇ ਜਾਓ।